## TODAY'S HUKAMNAMA FROM SRI DARBAR SAHIB
## Sri Amritsar.

### [June 13, 2013, Thursday 04:30 AM. IST]

ਰਾਗੁ ਸੂਹੀ ਮਹਲਾ ੪ ਛੰਤ ਘਰੁ ੧
ੴ ਸਤਿਗੁਰ ਪ੍ਰਸਾਦਿ ॥

ਸਤਿਗੁਰੁ ਪੁਰਖੁ ਮਿਲਾਇ ਅਵਗਣ ਵਿਕਣਾ ਗੁਣ ਰਵਾ ਬਲਿ ਰਾਮ ਜੀਉ ॥ ਹਰਿ ਹਰਿ ਨਾਮੁ ਧਿਆਇ ਗੁਰਬਾਣੀ ਨਿਤ ਨਿਤ ਚਵਾ ਬਲਿ ਰਾਮ ਜੀਉ ॥ ਗੁਰਬਾਣੀ ਸਦ ਮੀਠੀ ਲਾਗੀ ਪਾਪ ਵਿਕਾਰ ਗਵਾਇਆ ॥ ਹਉਮੈ ਰੋਗੁ ਗਇਆ ਭਉ ਭਾਗਾ ਸਹਜੇ ਸਹਜਿ ਮਿਲਾਇਆ ॥ ਕਾਇਆ ਸੇਜ ਗੁਰ ਸਬਦਿ ਸੁਖਾਲੀ ਗਿਆਨ ਤਤਿ ਕਰਿ ਭੋਗੋ ॥ ਅਨਦਿਨੁ ਸੁਖਿ ਮਾਣੇ ਨਿਤ ਰਲੀਆ ਨਾਨਕ ਧੁਰਿ ਸੰਜੋਗੋ ॥੧॥ ਸਤੁ ਸੰਤੋਖੁ ਕਰਿ ਭਾਉ ਕੁੜਮੁ ਕੁੜਮਾਈ ਆਇਆ ਬਲਿ ਰਾਮ ਜੀਉ ॥ ਸੰਤ ਜਨਾ ਕਰਿ ਮੇਲੁ ਗੁਰਬਾਣੀ ਗਾਵਾਈਆ ਬਲਿ ਰਾਮ ਜੀਉ ॥ ਬਾਣੀ ਗੁਰ ਗਾਈ ਪਰਮ ਗਤਿ ਪਾਈ ਪੰਚ ਮਿਲੇ ਸੋਹਾਇਆ ॥ ਗਇਆ ਕਰੋਧੁ ਮਮਤਾ ਤਨਿ ਨਾਠੀ ਪਾਖੰਡੁ ਭਰਮੁ ਗਵਾਇਆ ॥ ਹਉਮੈ ਪੀਰ ਗਈ ਸੁਖੁ ਪਾਇਆ ਆਰੋਗਤ ਭਏ ਸਰੀਰਾ ॥ ਗੁਰ ਪਰਸਾਦੀ ਬ੍ਰਹਮੁ ਪਛਾਤਾ ਨਾਨਕ ਗੁਣੀ ਗਹੀਰਾ ॥੨॥ ਮਨਮੁਖਿ ਵਿਛੁੜੀ ਦੂਰਿ ਮਹਲੁ ਨ ਪਾਏ ਬਲਿ ਗਈ ਬਲਿ ਰਾਮ ਜੀਉ ॥ ਅੰਤਰਿ ਮਮਤਾ ਕੂਰਿ ਕੂੜੁ ਵਿਹਾਝੇ ਕੂੜਿ ਲਈ ਬਲਿ ਰਾਮ ਜੀਉ ॥ ਕੂੜੁ ਕਪਟੁ ਕਮਾਵੈ ਮਹਾ ਦੁਖੁ ਪਾਵੈ ਵਿਣੁ ਸਤਿਗੁਰ ਮਗੁ ਨ ਪਾਇਆ ॥ ਉਝੜ ਪੰਥਿ ਭ੍ਰਮੈ ਗਾਵਾਰੀ ਖਿਨੁ ਖਿਨੁ ਧਕੇ ਖਾਇਆ ॥ ਆਪੇ ਦਇਆ ਕਰੇ ਪ੍ਰਭੁ ਦਾਤਾ ਸਤਿਗੁਰੁ ਪੁਰਖੁ ਮਿਲਾਏ ॥ ਜਨਮ ਜਨਮ ਕੇ ਵਿਛੁੜੇ ਜਨ ਮੇਲੇ ਨਾਨਕ ਸਹਜਿ ਸੁਭਾਏ ॥੩॥ ਆਇਆ ਲਗਨੁ ਗਣਾਇ ਹਿਰਦੈ ਧਨ ਓਮਾਹੀਆ ਬਲਿ ਰਾਮ ਜੀਉ ॥ ਪੰਡਿਤ ਪਾਧੇ ਆਣਿ ਪਤੀ ਬਹਿ ਵਾਚਾਈਆ ਬਲਿ ਰਾਮ ਜੀਉ ॥ ਪਤੀ ਵਾਚਾਈ ਮਨਿ ਵਜੀ ਵਧਾਈ ਜਬ ਸਾਜਨ ਸੁਣੇ ਘਰਿ ਆਏ ॥ ਗੁਣੀ ਗਿਆਨੀ ਬਹਿ ਮਤਾ ਪਕਾਇਆ ਫੇਰੇ ਤਤੁ ਦਿਵਾਏ ॥ ਵਰੁ ਪਾਇਆ ਪੁਰਖੁ ਅਗੰਮੁ ਅਗੋਚਰੁ ਸਦ ਨਵਤਨੁ ਬਾਲ ਸਖਾਈ ॥ ਨਾਨਕ ਕਿਰਪਾ ਕਰਿ ਕੈ ਮੇਲੇ ਵਿਛੁੜਿ ਕਦੇ ਨ ਜਾਈ ॥੪॥੧॥

-------------------------------

ਗੁਰੂ ਮਿਲਾਪ ਜਾਂ ਗੁਰਬਾਣੀ ਦੀ ਸਾਧਨਾ ਦਾ ਭਾਵ ਹੈ ਔਗੁਣ ਛਡ ਕੇ ਗੁਣ ਗ੍ਰਹਿਣ ਕਰਨੇ ।ਗੁਰਬਾਣੀ ਜਦੋਂ ਮਨ ਨੂੰ ਚੰਗੀ ਲਗਦੀ ਹੈ ਤਾਂ ਕੀਤੇ ਗਏ ਪਾਪ ਤੇ ਮਨ ਦੇ ਵਿਕਾਰ ਦੂਰ ਹੋ ਜਾਂਦੇ ਹਨ ।ਜੇਕਰ ਸਭ ਤੋਂ ਵੱਡਾ ਹਉਮੈ ਦਾ ਰੋਗ ਦੂਰ ਹੋ ਗਿਆ ਅਤੇ ਆਪਣੇ ਆਪ ਪ੍ਰਭੂ ਦੇ ਮਿਲਾਪ ਦੀ ਅਵੱਸਥਾ ਪ੍ਰਾਪਤ ਹੋ ਗਈ ।ਇਸ ਅਵੱਸਥਾ ਵਿਚ ਮਨ ਸ਼ਬਦ ਦੀ ਵਿਚਾਰ ਕਰ ਕਰ ਕੇ ਆਨੰਦ ਮਾਣਨ ਲਗ ਜਾਂਦਾ ਹੈ ।ਜਿਸਤਰਾਂ ਕੁੜਮਾਈ ਵੇਲੇ ਕੂੜਮਾਂ ਦਾ ਮੇਲ ਸੰਸਾਰਕ ਪਦਾਰਥਾ ਦੇ ਦਿਖਾਵੇ ਨਾਲ ਹੁੰਦਾ ਇਸੇ ਤਰਾਂ ਸਤਿਗੁਰਾਂ ਦਾ ਮੇਲ ਸਤਿ ਸੰਤੋਖ ਆਦਿਕ ਗੁਣਾ ਨਾਲ ਹੁੰਦਾ ਹੈ ।ਇਹ ਮੇਲ ਗੁਰਬਾਣੀ ਦੇ ਪ੍ਰੇਮ ਸਹਿਤ ਗਾਇਨ ਤੇ ਮਨ ਵਿਚ ਵਸਾਉਣ ਨਾਲ ਹੁੰਦਾ ਹੈ ਜਿਸ ਨਾਲ ਮਨ ਦੀ ਮਾਇਕ ਮਮਤਾ ਪਾਖੰਡ ਦੇ ਦਿਖਾਵੇ ਆਦਿਕ ਸਭ ਦੂਰ ਹੋ ਜਾਂਦੇ ਹਂ ਤੇ ਵਾਹਿਗੁਰੂ ਦੀ ਪਛਾਣ ਹੋ ਜਾਂਦੀ ਹੈ ।ਦੂਜੇ ਪਾਸੇ ਇਸ ਜੀਵ ਦਾ ਪ੍ਰਭੂ ਨਾਲ ਵਿਛੋੜਾ ਇਸਦੇ ਔਗੁਣਾ ਕਰਕੇ ਪਿਆ ਰਹਿੰਦਾ ਹੈ ਤੇ ਪ੍ਰਭ ਤੋਂ ਦੂਰੀ ਬਣੀ ਰਹਿੰਦੀ ਹੈ ।ਇਹ ਦੂਰੀ ਗੁਰੂ ਦੀ ਕਿਰਪਾ ਦ੍ਰਿਸ਼ਟੀ ਨਾਲ ਹੀ ਮਿਟ ਸਕਦੀ ਹੈ ।ਜੀਵ ਇਸਤਰੀ ਨੂੰ ਪ੍ਰਭੂ ਪ੍ਰਮੇਸ਼ਰ ਦੀ ਪ੍ਰਾਪਤੀ ਉਸ ਦੇ ਅਨੁਭਵੀ ਗੁਣੀ ਗਿਆਨੀ ਗੁਰਮੁਖਾਂ ਦੇ ਮਿਲਾਪ ਨਾਲ ਹੀ ਹੋ ਸਕਦੀ ਹੈ । ਇਹ ਮਿਲਾਪ ਦੀ ਅਵੱਸਥਾਂ ਇਕ ਵਾਰੀ ਪ੍ਰਾਪਤ ਹੋ ਜਾਵੇ ਤਾਂ ਫ਼ਿਰ ਕਦੇ ਵਿਛੋੜਾ ਨਹੀਂ ਪੈਂਦਾ ।

ਪੰਜਾਬੀ ਵਿਆਖਿਆ: